# ਡਾ. ਕਰਮਜੀਤ ਸਿੰਘ ਨਡਾਲਾ ਦੀ ਕਹਾਣੀ
# ਸੰਵੇਦਨਾ ਤੇ ਦ੍ਰਿਸ਼ਟੀਕੋਣ



ਸੰਪਾਦਕ

**ਗੁਰਬਿੰਦਰ ਕੌਰ ਬਰਾੜ**

International Publishers
of Indian Languages

Representative Office :
33 old oak Lane
Levittown, NY -11756
(U.S.A)

**Dr. Karamjit Singh Nadala Di Kahaani :
Samvedna Te Drishtikon**

Edited by : Gurbinder Kaur Brar
Sri Mukatsar Sahib
Mob : 98553-95161
Email :zeenatbrar2@gmail.com

Title designed by T. Singh

ISBN : 978-81-7914-973-7

Edition : 2017

Price : Rs.200

**Published by :**

Tarlochan Publishers
3236, Sector 15-D, Chandigarh
Mob : 98146-73236, 98786-03236
E-mail : tpublishers3236@gmail.com

---

ਡਾ. ਕਰਮਜੀਤ ਸਿੰਘ ਨਡਾਲਾ ਦੀ ਕਹਾਣੀ : ਸੰਵੇਦਨਾ ਤੇ ਦ੍ਰਿਸ਼ਟੀਕੋਣ
ਸੰਪਾਦਕ : ਗੁਰਬਿੰਦਰ ਕੌਰ ਬਰਾੜ
ਪੇਸ਼ਕਸ਼ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
ਛਾਪਕ : ਆਰ. ਕੇ. ਆਫਸੈੱਟ ਪ੍ਰੋਸੈਸ, ਦਿੱਲੀ

# ਤਤਕਰਾ


ਕਰੂਰ ਯਥਾਰਥ ਦਾ ਬਿਰਤਾਂਤ : "ਮੈਂ ਕਿਉਂ ਜੀ ਰਿਹਾਂ" 13

• ਡਾ. ਗੁਰਬਿੰਦਰ ਕੌਰ ਬਰਾੜ

ਡਾ. ਕਰਮਜੀਤ ਸਿੰਘ ਨਡਾਲਾ : ਜੀਵਨ ਅਤੇ ਰਚਨਾ 17

• ਡਾ. ਮੱਖਣ ਸਿੰਘ

ਤਣਾਓ ਦਾ ਸੰਘਣਾ ਗਾਲਪਨਿਕ ਬਿਰਤਾਂਤ
"ਮੈਂ ਕਿਉਂ ਜੀ ਰਿਹਾਂ" 26

• ਪ੍ਰੋ. ਗੋਪਾਲ ਸਿੰਘ ਬੁੱਟਰ

ਪੰਜਾਬ 'ਚ ਕਿਸਾਨੀ ਦੀ ਹਾਲਤ ਤੇ ਯਥਾਰਥ 33

• ਪ੍ਰੋ. ਬਲਦੇਵ ਸਿੰਘ ਵਾਲੀਆ

ਕਹਾਣੀ-ਸੰਗ੍ਰਹਿ "ਮੈਂ ਕਿਉਂ ਜੀ ਰਿਹਾਂ" ਵਿੱਚ ਪੇਸ਼ 44
ਸਮਕਾਲੀ ਯਥਾਰਥ ਦਾ ਆਰਥਿਕ ਪਰਿਪੇਖ

• ਪ੍ਰੋ. ਸੁਖਜਿੰਦਰ ਕੌਰ

ਮੈਂ ਕਿਉਂ ਜੀ ਰਿਹਾਂ- ਇਕ ਬਹੁਪੱਖੀ ਅਧਿਐਨ 53

• ਡਾ. ਸਰਦੂਲ ਸਿੰਘ ਔਜਲਾ

ਮਾਨਵੀ ਸੰਵੇਦਨਾ ਸੰਗ ਧੜਕਦੀ ਪੇਸ਼ਕਾਰੀ 60

• ਪ੍ਰੋ. ਕੁਲਵੰਤ ਸਿੰਘ ਔਜਲਾ

'ਮੈਂ ਕਿਉਂ ਜੀ ਰਿਹਾਂ' ਵਿਚਲੀਆਂ ਕਹਾਣੀਆਂ ਦੀ 65
ਚਿਹਨ-ਜੁਗਤ

• ਡਾ. ਵੀਰਪਾਲ ਕੌਰ

ਕਰਮਜੀਤ ਸਿੰਘ ਨਡਾਲਾ ਦੀਆਂ ਕਹਾਣੀਆਂ ਦਾ ਰੂਪ-ਵਿਗਿਆਨਕ ਅਧਿਐਨ 72
• **ਪਰਮਪਾਲ ਸਿੰਘ**

ਕਹਾਣੀ ਸੰਗ੍ਰਹਿ 'ਮੈਂ ਕਿਉਂ ਜੀ ਰਿਹਾਂ' ਵਿਚਲੀ ਗਲਪ ਚੇਤਨਾ 80
• **ਗੁਰਪ੍ਰੀਤ ਸਿੰਘ**

ਕਹਾਣੀ ਸੰਗ੍ਰਹਿ 'ਮੈਂ ਕਿਉਂ ਜੀ ਰਿਹਾਂ' ਦੇ ਪਾਤਰ : ਵਿਭਿੰਨ ਪਾਸਾਰ 100
• **ਹਰਜਿੰਦਰ ਸਿੰਘ**

ਕਿਰਤੀ ਸ਼੍ਰੇਣੀ ਦੀ ਆਰਥਿਕ ਤੇ ਸਮਾਜਿਕ ਹੋਣੀ ਦਾ ਪ੍ਰਵਚਨ : 'ਮੈਂ ਕਿਉਂ ਜੀ ਰਿਹਾਂ' 109
• **ਗੁਰਜੀਤ ਕੌਰ**

ਡਾ. ਕਰਮਜੀਤ ਸਿੰਘ ਦੇ ਕਹਾਣੀ ਸੰਗ੍ਰਹਿ "ਮੈਂ ਕਿਉਂ ਜੀ ਰਿਹਾਂ" ਵਿਚਲੀ ਪੰਜਾਬੀ ਲੋਕ ਮਾਨਸਿਕਤਾ 116
• **ਰਛਪਾਲ**

"ਮੈਂ ਕਿਉਂ ਜੀ ਰਿਹਾਂ" : ਮਨੁੱਖੀ ਹੋਣੀ ਦਾ ਬਿਰਤਾਂਤ 122
• **ਪ੍ਰੋ. ਗੁਰਨਾਮ ਸਿੰਘ**

1947 ਦਾ ਸੰਤਾਪ ਤੇ ਨਡਾਲਾ ਦੀਆਂ ਕਹਾਣੀਆਂ 130
• **ਬਲਜਿੰਦਰ ਸਿੰਘ ਦੋਦਾ**

ਡਾ. ਕਰਮਜੀਤ ਸਿੰਘ 'ਨਡਾਲਾ' ਦੀਆਂ ਕਹਾਣੀਆਂ ਦੀ ਬਿਰਤਾਂਤਕ ਉਸਾਰੀ 'ਮੈਂ ਕਿਉਂ ਜੀ ਰਿਹਾਂ' ਦੇ ਸੰਦਰਭ ਵਿਚ 133
• **ਡਾ. ਮੱਖਣ ਸਿੰਘ 'ਭੁਲੱਥ'**

# ਕਹਾਣੀ ਸੰਗ੍ਰਹਿ 'ਮੈਂ ਕਿਉਂ ਜੀ ਰਿਹਾਂ' ਦੇ ਪਾਤਰ : ਵਿਭਿੰਨ ਪਾਸਾਰ

• ਹਰਜਿੰਦਰ ਸਿੰਘ

ਆਧੁਨਿਕ ਪੰਜਾਬੀ ਸਾਹਿਤ-ਜਗਤ ਵਿਚ ਕਹਾਣੀ ਅਜਿਹੀ ਬਿਰਤਾਂਤਕ ਵਿਧਾ ਹੈ ਜਿਹੜੀ ਇਕੋ ਵੇਲੇ ਸਮਕਾਲੀ ਪੰਜਾਬੀ ਬੰਦੇ ਦੇ ਜਟਿਲ ਤੋਂ ਜਟਿਲਤਰ ਹੋ ਰਹੇ ਅੰਦਰੂਨੀ ਤੇ ਬਹਿਰੂਨੀ ਮਸਲਿਆਂ ਨੂੰ ਵਿਭਿੰਨ ਪਾਤਰਾਂ ਦੇ ਕਾਰਜ ਰਾਹੀਂ ਪੇਸ਼ ਕਰ ਰਹੀ ਹੈ। ਪੂੰਜੀਵਾਦੀ ਵਰਤਾਰੇ ਤਹਿਤ ਜਿਉਂ-ਜਿਉਂ ਬੰਦੇ ਦੀਆਂ ਮਾਨਸਿਕ ਤੇ ਸਮਾਜਿਕ ਗੁੰਝਲਾਂ ਬਹੁ-ਪਰਤੀ ਤੇ ਬਹੁ-ਆਯਾਮੀ ਹੁੰਦੀਆਂ ਜਾਂਦੀਆਂ ਹਨ, ਤਿਉਂ-ਤਿਉਂ ਪੰਜਾਬੀ ਕਹਾਣੀ ਦਾ ਅਹਿਮ ਜ਼ੁਜ ਪਾਤਰ ਵੀ ਬਹੁ-ਪਰਤੀ ਤੇ ਬਹੁ-ਪਾਸਾਰੀ ਮਾਧਿਅਮ ਵਜੋਂ ਪੇਸ਼ ਹੋ ਰਹੇ ਹਨ ਜੋ ਪੰਜਾਬੀ ਜੀਵਨ-ਯਥਾਰਥ ਨੂੰ ਵਿਭਿੰਨ ਕੋਣਾਂ ਤੋਂ ਸਮਝਣ ਲਈ ਸਹਾਈ ਸਿੱਧ ਹੁੰਦੇ ਹਨ। ਅਸਲ ਵਿਚ ਕਹਾਣੀ ਦੇ ਕਲਾਤਮਿਕ ਸੰਗਠਨ ਨੂੰ ਸਿਰਜਣ ਵਿਚ ਪਾਤਰ ਅਹਿਮ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਪਾਤਰਾਂ ਨਾਲ ਹੀ ਕਹਾਣੀ ਦਾ ਕਾਰਜ ਅੱਗੇ ਤੁਰਦਾ ਹੈ। 'ਕਲਾਤਮਕ ਦ੍ਰਿਸ਼ਟੀ ਤੋਂ ਪਾਤਰ ਆਧੁਨਿਕ ਕਹਾਣੀ ਦਾ ਮੇਰੂ-ਦੰਡ ਹੈ। ਆਧੁਨਿਕ ਕਹਾਣੀ ਵਿਚ ਪਾਤਰਾਂ ਦੇ ਰੂਪ, ਪਾਤਰਾਂ ਦੇ ਵਰਗ, ਪਾਤਰਾਂ ਦੀ ਸਥਿਤੀ ਅਤੇ ਪਾਤਰਾਂ ਦੇ ਸਤਰ ਵਿਚ ਇੰਨੀ ਵਿਆਪਕਤਾ ਵਿਦਮਾਨ ਹੈ ਕਿ ਸਮੁੱਚਾ ਆਧੁਨਿਕ ਯੁਗ ਹੀ ਇਨ੍ਹਾਂ ਰਾਹੀਂ ਪ੍ਰਤੀਬਿੰਬਤ ਹੋ ਰਿਹਾ ਹੈ।'[1] ਜ਼ਾਹਿਰ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਦੇ ਪਾਤਰ ਆਧੁਨਿਕ ਮਨੁੱਖ ਦੇ ਮਾਨਸਿਕ ਤੇ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਨੂੰ ਪ੍ਰਤੀਬਿੰਬਤ ਕਰਨ ਹਿਤ ਬਹੁ-ਪਰਤੀ ਤੇ ਬਹੁ-ਪਾਸਾਰੀ ਹੁੰਦੇ ਜਾ ਰਹੇ ਹਨ। ਇਹ ਸੱਚ ਹੈ ਕਿ ਕਹਾਣੀ-ਰਚਨਾ ਦੀ ਆਧਾਰਸ਼ਿਲਾ ਪਾਤਰ ਹੁੰਦੇ ਹਨ ਪਰੰਤੂ 'ਇਹ ਨਾ ਤਾਂ ਹੱਡ-ਮਾਸ ਦੇ ਵਿਅਕਤੀ ਹੁੰਦੇ ਹਨ, ਨਾ ਉਨ੍ਹਾਂ ਦਾ ਅਨੁਕਰਨ ਅਤੇ ਨਾ ਹੀ ਪ੍ਰਤਿਰੂਪ, ਭਾਵੇਂ ਭੁਲੇਖਾ ਅਜਿਹਾ ਹੀ ਪਾਉਂਦੇ ਹਨ। ਪਾਤਰ ਨਿਰੋਲ ਕਾਲਪਨਿਕ ਸਿਰਜਣਾ ਹੁੰਦੇ ਹਨ ਪਰ ਇਸ ਕਲਪਨਾ ਦੀ ਬੁਨਿਆਦ ਵਸਤੂ-ਯਥਾਰਥ ਹੀ ਬਣਦਾ ਹੈ।'[2] ਕਹਾਣੀਕਾਰ ਵਸਤੂ-ਯਥਾਰਥ ਨੂੰ ਕਲਪਨਾ ਦੇ ਮਾਧਿਅਮ ਰਾਹੀਂ ਪ੍ਰਤੀਬਿੰਬਤ ਕਰਨ ਲਈ ਪਾਤਰਾਂ ਦੀ ਚੋਣ ਹੀ ਨਹੀਂ ਕਰਦਾ, ਸਗੋਂ ਆਪਣੀ ਕਲਾਤਮਿਕ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਸਿਰਜਣਾ ਵੀ ਕਰਦਾ ਹੈ। ਕਹਾਣੀ ਦਾ ਕੋਈ ਵੀ ਪਾਤਰ ਆਪਣੇ ਆਪ ਵਿਚ ਇਕੱਲੇ ਰੂਪ ਵਿਚ ਮੁਕੰਮਲ ਨਹੀਂ ਹੁੰਦਾ। 'ਉਹ ਦੂਜੇ ਪਾਤਰਾਂ ਨਾਲ ਸਮਨਵੇਂ ਅਤੇ ਟਕਰਾਅ ਵਿਚੋਂ ਆਪਣੀ ਹੋਂਦ ਅਤੇ ਪਾਸਾਰ ਗ੍ਰਹਿਣ ਕਰਦਾ ਹੈ। ਸਮਨਵੇਂ ਵਾਲੇ ਬਾਕੀ ਪਾਤਰ ਸਿਰਫ਼

ਸਹਾਇਕ ਪਾਤਰ ਦੇ ਹੀ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ। ਇਹਨਾਂ ਦੀ ਹੋਂਦ ਨਾਲ ਕੇਂਦਰੀ ਪਾਤਰ ਵਿਸਤਾਰ ਤਾਂ ਗ੍ਰਹਿਣ ਕਰਦਾ ਹੈ ਪਰੰਤੂ ਸਮੱਗਰਤਾ ਗ੍ਰਹਿਣ ਨਹੀਂ ਕਰਦਾ। ਕਹਾਣੀ ਵਿਚ ਪਾਤਰਾਂ ਦੀ ਗਿਣਤੀ ਸੀਮਤ ਹੋਣ ਕਰਕੇ ਕਹਾਣੀਕਾਰ ਨੂੰ ਇਹਨਾਂ ਸੀਮਤ ਪਾਤਰਾਂ ਨਾਲ ਹੀ ਗੁਜ਼ਾਰਾ ਚਲਾਉਣਾ ਹੁੰਦਾ ਹੈ। ਕਹਾਣੀ ਦੀ ਸਾਰੀ ਟੇਕ ਵਿਰੋਧੀ ਜੁੱਟਾਂ ਨਾਲ ਜੁੜੇ ਪਾਤਰਾਂ ਉੱਤੇ ਖੜ੍ਹੀ ਹੁੰਦੀ ਹੈ। ਉਸ ਵਿਰੋਧੀ ਜੁੱਟ ਵਿਚੋਂ ਹੀ ਕਹਾਣੀ 'ਕਹਾਣੀ' ਬਣਦੀ ਹੈ।'[3] ਜ਼ਾਹਿਰ ਹੈ ਕਿ ਆਧੁਨਿਕ ਕਹਾਣੀ ਵਿਰੋਧੀ ਜੁੱਟਾਂ ਵਿਚ ਵੰਡੇ ਹੋਏ ਪਾਤਰਾਂ ਦੇ ਆਪਸੀ ਤਨਾਉ/ਟਕਰਾਉ ਵਿਚੋਂ ਨਾ ਕੇਵਲ ਆਪਣੀ ਹੋਂਦ ਗ੍ਰਹਿਣ ਕਰਦੀ ਹੈ, ਸਗੋਂ ਪਾਤਰਾਂ ਦੇ ਜੀਵਨ ਸੰਘਰਸ਼ ਵਿਚੋਂ ਪਾਠਕ ਦੀ ਚੇਤਨਾ ਨੂੰ ਵੀ ਨਵੀਂ ਦਿਸ਼ਾ ਦਿੰਦੀ ਹੈ। ਅਜੋਕੇ ਪੂੰਜੀਵਾਦੀ ਦੌਰ ਵਿਚ ਸਾਹਮਣੇ ਆ ਰਹੀ ਪੰਜਾਬੀ ਕਹਾਣੀ ਦੇ ਪਾਤਰ ਬਾਹਰੀ ਤੌਰ 'ਤੇ ਹੀ ਵਿਰੋਧੀ ਜੁੱਟਾਂ ਵਿਚ ਨਹੀਂ ਵੰਡੇ ਹੋਏ, ਸਗੋਂ ਹਰ ਪਾਤਰ ਅੰਦਰੋਂ ਵੀ ਖੰਡਿਤ ਹੋਇਆ ਇਕੋ ਵੇਲੇ ਚੰਗੇ ਤੇ ਮਾੜੇ ਮਾਨਸਿਕ ਭਾਵਾਂ ਵਿਚ ਉਲਝਿਆ ਹੋਇਆ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਇਸ ਖੰਡਿਤ ਹੋਏ ਬੰਦੇ ਦੇ ਮਾਨਸਿਕ ਤੇ ਸਮਾਜ-ਸਭਿਆਚਾਰਕ ਸੰਕਟਾਂ ਨੂੰ ਵਿਭਿੰਨ ਕੋਣਾਂ ਤੋਂ ਪੇਸ਼ ਕਰਨ ਲਈ ਸਮਕਾਲੀ ਪੰਜਾਬੀ ਕਹਾਣੀ ਬਹੁ-ਪਰਤੀ ਪਾਤਰਾਂ ਨੂੰ ਮਾਧਿਅਮ ਵਜੋਂ ਵਰਤ ਰਹੀ ਹੈ। ਇਸ ਪ੍ਰਸੰਗ ਵਿਚ ਹੀ ਡਾ. ਕਰਮਜੀਤ ਸਿੰਘ ਨਡਾਲਾ ਦੇ ਕਹਾਣੀ-ਸੰਗ੍ਰਹਿ 'ਮੈਂ ਕਿਉਂ ਜੀ ਰਿਹਾਂ' ਦੇ ਪਾਤਰਾਂ ਦੇ ਵਿਭਿੰਨ ਪਾਸਾਰਾਂ ਨੂੰ ਸਮਝਿਆ ਜਾ ਸਕਦਾ ਹੈ।

'ਮੈਂ ਕਿਉਂ ਜੀਅ ਰਿਹਾਂ' ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਸਮੇਂ ਦੇ ਲੰਮੇ ਅੰਤਰਾਲ ਵਿਚ ਫੈਲੇ ਪੰਜਾਬੀ ਜੀਵਨ-ਯਥਾਰਥ ਨੂੰ ਪੇਸ਼ ਕਰਨ ਹਿਤ ਵਿਭਿੰਨ ਵਰਗਾਂ, ਸ਼੍ਰੇਣੀਆਂ, ਪੱਧਰਾਂ ਦੇ ਪਾਤਰਾਂ ਨੂੰ ਮਾਧਿਅਮ ਵਜੋਂ ਵਰਤਦੀਆਂ ਹਨ। 'ਮੈਂ ਕਿਉਂ ਜੀ ਰਿਹਾਂ', 'ਲਹੂ ਦਾ ਛੱਪੜ' ਅਤੇ 'ਦੀਨ ਦੇ ਰਾਖੇ' ਕਹਾਣੀਆਂ ਦੇ ਪਾਤਰ 1947 ਈ. ਵਿਚ ਧਰਮ ਦੇ ਨਾਂ 'ਤੇ ਵਾਪਰੇ ਅਮਾਨਵੀ ਵਰਤਾਰੇ ਨੂੰ ਸਮੱਗਰ ਰੂਪ ਵਿਚ ਪ੍ਰਸਤੁਤ ਕਰਦੇ ਹਨ। 'ਚੱਕਰਵਿਊ', 'ਛਲੇਡਾ', 'ਮਾਨ ਅਪਮਾਨ', 'ਗੜ੍ਹੇਮਾਰ' ਅਤੇ 'ਇਕ ਚੂੰਢੀ ਜਾਨ' ਕਹਾਣੀਆਂ ਦੇ ਪਾਤਰ ਪੰਜਾਬ ਤੇ ਖ਼ਾਸ ਤੌਰ 'ਤੇ ਦੁਆਬੇ ਵਿਚ ਵਸਦੇ ਸ਼ਹਿਰੀ ਮਧ-ਵਰਗ ਅਤੇ ਪੇਂਡੂ ਨਿਮਨ-ਕਿਸਾਨਾਂ, ਮਜ਼ਦੂਰਾਂ ਤੇ ਦਲਿਤਾਂ ਦੇ ਵਿਭਿੰਨ ਸਮਾਜ-ਸਭਿਆਚਾਰਕ ਝੋਰਿਆਂ ਦੀ ਗਵਾਹੀ ਭਰਦੇ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ 'ਤੀਲ੍ਹੇ' ਅਤੇ 'ਖ਼ਰੂਦੀ ਕਿਣਮਿਣ' ਕਹਾਣੀਆਂ ਦੇ ਪਾਤਰ ਵੀ ਸੰਕੇਤਕ ਰੂਪ ਵਿਚ ਸਮਕਾਲੀ ਪੰਜਾਬੀ ਬੰਦੇ ਦੇ ਵਿਭਿੰਨ ਮਸਲਿਆਂ ਨੂੰ ਜ਼ਮੀਨੀ ਪੱਧਰ ਤੋਂ ਪੇਸ਼ ਕਰਦੇ ਹਨ। ਸਪਸ਼ਟ ਹੈ, ਕਹਾਣੀਕਾਰ ਪੰਜਾਬ ਦੇ ਦੁਆਬਾ ਖਿਤੇ ਦਾ ਜਮਪਲ ਹੈ ਇਸ ਲਈ ਉਹ ਇਸੇ ਖਿਤੇ ਦੇ ਪੇਂਡੂ ਤੇ ਸ਼ਹਿਰੀ ਪਾਤਰਾਂ ਦੀ ਚੋਣ ਕਰਕੇ ਸਮਾਜ-ਸਭਿਆਚਾਰਕ

ਪਰਿਵੇਸ਼ ਵਿਚਲੇ ਵਸਤੂ-ਯਥਾਰਥ ਨੂੰ ਕਲਾਤਮਿਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਉਹ ਆਪਣੇ ਨਿੱਜੀ ਅਨੁਭਵ, ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਦੀ ਸੀਮਾਂ ਅਤੇ ਸਮਰੱਥਾ ਦੇ ਆਧਾਰ 'ਤੇ ਵਿਭਿੰਨ ਸਥਿਤੀਆਂ-ਪਰਸਥਿਤੀਆਂ ਨਾਲ ਦੋ-ਚਾਰ ਹੋ ਰਹੇ ਅਤੇ ਮਾਨਸਿਕ ਗੁੰਝਲਾਂ ਵਿਚ ਉਲਝੇ ਪਾਤਰਾਂ ਨੂੰ ਯਥਾਰਥਕ ਜਾਵੀਏ ਤੋਂ ਪੇਸ਼ ਕਰਦਾ ਹੈ। ਪਾਤਰ-ਉਸਾਰੀ ਲਈ ਦੋ ਜਾਂ ਦੋ ਵਧੇਰੇ ਪਾਤਰਾਂ ਦੀ ਵਾਰਤਾਲਾਪ, ਸੁਪਨੇ ਅਤੇ ਸਿਮਰਤੀਆਂ, ਸਮਾਜ-ਸਭਿਆਚਾਰਕ ਸੰਦਰਭਾਂ ਵਿਚੋਂ ਪੈਦਾ ਹੁੰਦੀ ਸ਼ਖ਼ਸੀਅਤ ਆਦਿ ਉਸਦੀ ਪਾਤਰ ਉਸਾਰੀ ਦੀਆਂ ਕਲਾਤਮਿਕ ਵਿਧੀਆਂ ਹਨ। ਪ੍ਰੋ. ਬਲਦੇਵ ਸਿੰਘ ਵਾਲੀਆ ਦੀ ਧਾਰਨਾ ਹੈ ਕਿ ਉਸ ਦੀਆਂ ਕਹਾਣੀਆਂ ਦੇ ਪਾਤਰ ਜਿਉਂਦੇ ਜਾਗਦੇ ਹਨ। ਉਹ ਕਠਪੁਤਲੀਆਂ ਨਹੀਂ। ਉਸ ਦੇ ਪਾਤਰ ਦਲਿਤ, ਗ਼ਰੀਬ ਅਤੇ ਦੁੱਖ 'ਚ ਲਿਤਾੜੇ ਹੋਏ ਮੱਧ ਸ਼੍ਰੇਣੀ ਜਾਂ ਹੇਠਲੀ ਤੇ ਨਿਮਨ ਸ਼੍ਰੇਣੀ ਵਾਲੇ ਹੁੰਦੇ ਹਨ।... ਅਸਲ 'ਚ ਉਸਦੇ ਪਾਤਰ ਹੱਡ, ਮਾਸ, ਨਾੜੀਆਂ ਤੇ ਲਹੂ ਵਾਲੇ ਹੁੰਦੇ ਹਨ।[4] ਜ਼ਾਹਿਰ ਹੈ, ਕਹਾਣੀਕਾਰ ਵੱਲੋਂ ਪਾਤਰਾਂ ਦੀ ਕੀਤੀ ਗਈ ਚੋਣ ਅਤੇ ਪਾਤਰਾਂ ਵੱਲੋਂ ਸਥਿਤੀਆਂ ਦੇ ਸੰਦਰਭ ਵਿਚ ਕਰਵਾਏ ਗਏ ਕਾਰਜ ਬੜੇ ਅਹਿਮ ਹਨ ਜਿਸ ਸਦਕਾ ਉਸਦੀਆਂ ਕਹਾਣੀਆਂ ਨਾ ਕੇਵਲ ਪ੍ਰਭਾਵਾਲੀ ਬਣਦੀਆਂ ਹਨ, ਸਗੋਂ ਪੰਜਾਬੀ ਕਹਾਣੀ ਵਿਧਾ ਦੀ ਵਿਕਾਸ ਰੇਖਾ ਵਿਚ ਗਿਣਾਤਮਿਕ ਤੇ ਗੁਣਾਤਮਿਕ ਵਾਧਾ ਵੀ ਕਰਦੀਆਂ ਹਨ।

ਦੇਸ਼-ਵੰਡ ਸਮੇਂ ਜ਼ਮੀਨੀ ਪੱਧਰ 'ਤੇ ਵਾਪਰੇ ਦੁਖਾਂਤ ਨੂੰ ਪ੍ਰਸਤੁਤ ਕਰਨ ਲਈ ਕਹਾਣੀਕਾਰ ਨੇ ਵਿਭਿੰਨ ਧਰਮਾਂ, ਸ਼੍ਰੇਣੀਆਂ ਦੇ ਪਾਤਰ ਸਿਰਜੇ ਹਨ। ਇਨ੍ਹਾਂ ਵਿਚੋਂ 'ਮੈਂ ਕਿਉਂ ਜੀ ਰਿਹਾਂ?' ਕਹਾਣੀ ਦਾ ਪਾਤਰ ਓਮ ਪ੍ਰਕਾਸ਼ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਉਹ ਦੇਸ਼-ਵੰਡ ਤੋਂ ਪਹਿਲਾਂ ਲਾਹੌਰ ਵਿਚ ਵਸਦੇ ਸਰਦੇ-ਪੁਜਦੇ ਹਿੰਦੂ ਬ੍ਰਾਹਮਣ ਪਰਿਵਾਰ ਦਾ ਜੰਮਪਲ ਹੈ। ਦੇਸ਼-ਵੰਡ ਸਮੇਂ ਧਰਮ ਦੇ ਨਾਂ 'ਤੇ ਹੋਈ ਜਨੂੰਨੀ ਕਤਲੋਗਾਰਤ ਵਿਚ ਕੱਟੜਪੰਥੀ ਮੁਸਲਮਾਨਾਂ ਨੇ ਉਸਦੇ ਸਾਰੇ ਪਰਿਵਾਰ ਨੂੰ ਉਸ ਦੀਆਂ ਨਜ਼ਰਾਂ ਸਾਹਮਣੇ ਨਾ ਕੇਵਲ ਕਤਲ ਕੀਤਾ, ਸਗੋਂ ਉਸਦੀ ਮਾਂ ਤੇ ਚਾਚੀਆਂ ਦੀ ਇੱਜ਼ਤ ਨਾਲ ਵੀ ਖੇਡਿਆ ਤੇ ਘਰ ਦਾ ਸਾਰਾ ਸਮਾਨ ਵੀ ਲੁੱਟਿਆ। ਉਹ ਆਪਣੇ ਪਿਤਾ ਦੇ ਮੁਸਲਮਾਨ ਦੋਸਤ ਰਫ਼ੀਕ ਮੁਹੰਮਦ ਦੀ ਮਦਦ ਨਾਲ ਭਾਰਤ ਵਿਚ ਪਹੁੰਚਦਾ ਹੈ ਅਤੇ ਲੱਖਾਂ ਮੁਸੀਬਤਾਂ ਤੇ ਕਸ਼ਟ ਸਹਿ ਕੇ ਵੀ ਜਿਉਣ ਲਈ ਸੰਘਰਸ਼ ਕਰਦਾ ਹੈ। ਓਮ ਪ੍ਰਕਾਸ਼ ਅਜਿਹਾ ਪਾਤਰ ਹੈ ਜੋ ਦੇਸ਼-ਵੰਡ ਸਮੇਂ ਪਾਕਿਸਤਾਨ ਵਾਲੇ ਪਾਸੇ ਹੋਈ ਕਤਲੋਗਾਰਤ ਵਿਚ ਆਮ ਹਿੰਦੂਆਂ ਤੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਦਾ ਗਵਾਹ ਬਣਦਾ ਹੈ। ਦੂਜੇ ਪਾਸੇ ਰਫ਼ੀਕ ਮੁਹੰਮਦ ਵਰਗਾ ਪਾਤਰ ਅਸਲ ਧਰਮੀ ਮਨੁੱਖ ਹੈ ਜੋ ਮਨੁੱਖਤਾ ਨੂੰ ਪਿਆਰ ਕਰਦਾ ਹੈ ਅਤੇ ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਆਪਣੇ ਹਿੰਦੂ ਦੋਸਤ ਦੇ ਪੁੱਤਰ

ਦੀ ਜਾਨ ਬਚਾਉਣ ਲਈ ਆਪਣੀ ਜਾਨ ਜੋਖ਼ਮ ਵਿਚ ਪਾਉਂਦਾ ਹੈ। ਰਫ਼ੀਕ ਮੁਹੰਮਦ ਅਸਲ ਵਿਚ ਅਜਿਹੇ ਮੁਸਲਮਾਨ ਵਰਗ ਦੀ ਪ੍ਰਤਿਨਿਧਤਾ ਕਰਦਾ ਹੈ ਜਿਹੜਾ ਧਾਰਮਿਕ ਕੱਟੜਤਾ ਦਾ ਵਿਰੋਧ ਕਰਦਾ ਹੈ।

ਦੇਸ਼-ਵੰਡ ਸਮੇਂ ਜੋ ਪਾਕਿਸਤਾਨ ਵਾਲੇ ਇਲਾਕੇ ਵਿਚ ਹਿੰਦੂ ਤੇ ਸਿੱਖਾਂ ਨਾਲ ਅਮਾਨਵੀ ਵਿਵਹਾਰ ਹੋਇਆ ਤਾਂ ਘੱਟ ਭਾਰਤ ਵਾਲੇ ਪਾਸੇ ਮੁਸਲਮਾਨਾਂ ਨਾਲ ਵੀ ਨਹੀਂ ਹੋਇਆ। 'ਦੀਨ ਦੇ ਰਾਖੇ' ਕਹਾਣੀ ਭਾਰਤ ਵਾਲੇ ਹਿੱਸੇ ਵਿਚ ਦੇਸ਼-ਵੰਡ ਸਮੇਂ ਮੁਸਲਮਾਨ ਭਾਈਚਾਰੇ ਨਾਲ ਜੋ ਦੁਖਾਂਤ ਵਾਪਰਿਆ ਉਸਦੀ ਯਥਾਰਥਕ ਪੇਸ਼ਕਾਰੀ ਵਿਭਿੰਨ ਪਾਤਰਾਂ ਰਾਹੀਂ ਕਰਦੀ ਹੈ। ਇਸ ਕਹਾਣੀ ਦਾ ਪਾਤਰ ਗੁਲਾਮ ਮੁਹੰਮਦ ਆਰਥਿਕ ਤੌਰ 'ਤੇ ਸੰਪੰਨ ਅਜਿਹਾ ਮੁਸਲਮਾਨ ਪਾਤਰ ਹੈ ਜੋ ਭਾਰਤੀ ਇਲਾਕੇ ਵਿਚਲੇ ਮੁਸਲਮਾਨ ਭਾਈਚਾਰੇ ਦੀ ਪ੍ਰਤਿਨਿਧਤਾ ਕਰਦਾ ਹੈ। ਉਹ ਆਪਣੇ ਪਿੰਡ ਵਿਚਲੇ ਹਰ ਧਰਮ ਦੇ ਗ਼ਰੀਬ ਲੋਕਾਂ ਦੀ ਆਰਥਿਕ ਤੇ ਹੋਰ ਹਰ ਸੰਭਵ ਮਦਦ ਕਰਦਾ ਹੈ ਪਰੰਤੂ ਜਦੋਂ ਧਰਮ ਦੇ ਨਾਂ 'ਤੇ ਵੱਢਾ-ਟੁੱਕੀ ਸ਼ੁਰੂ ਹੁੰਦੀ ਹੈ ਤਾਂ ਉਸੇ ਪਿੰਡ ਦੇ ਹੀ ਸਿੱਖ ਕੱਟੜ ਧਰਮੀ ਪਾਤਰ ਕਰਨੈਲ ਸਿੰਘ, ਹੌਲਦਾਰ ਕਰਮ ਸਿੰਘ ਤੇ ਬਚਨ ਸਿੰਘ ਚਲਾਕੀ ਨਾਲ ਉਸਦਾ ਕਤਲ ਹੀ ਨਹੀਂ ਕਰਦੇ, ਸਗੋਂ ਉਸਦੀ ਸਾਰੀ ਜ਼ਮੀਨ-ਜਾਇਦਾਦ 'ਤੇ ਕਬਜ਼ਾ ਵੀ ਕਰ ਲੈਂਦੇ ਹਨ। ਇਸੇ ਤਰ੍ਹਾਂ 'ਲਹੂ ਦਾ ਛੱਪੜ' ਕਹਾਣੀ ਦਾ ਮੁਸਲਮਾਨ ਪਾਤਰ 'ਪੀਰ ਸਾਹਿਬ' ਜੋ ਸਰਕਾਰੀ ਅਹੁਦੇ 'ਤੇ ਤਹਿਸੀਲਦਾਰ ਵਜੋਂ ਤਾਇਨਾਤ ਹੈ। ਉਸਦਾ ਇਲਾਕੇ ਵਿਚ ਚੰਗਾ ਅਸਰ ਰਸੂਖ ਵੀ ਹੈ। ਇਲਾਕੇ ਵਿਚਲੇ ਧਰਮੀ ਸਿੱਖ ਉਸ ਦਾ ਬੇਹੱਦ ਸਤਿਕਾਰ ਕਰਦੇ ਹਨ। ਇਸੇ ਲਈ ਕਹਾਣੀ ਦਾ ਪਾਤਰ ਲਾਭ ਸਿੰਘ ਉਸਦਾ ਸਤਿਕਾਰ ਕਰਦੇ ਹੋਏ ਵਿਗੜੇ ਹਾਲਾਤਾਂ ਵਿਚ ਸੁਚੇਤ ਰਹਿਣ ਦੀ ਤਾਕੀਦ ਕਰਦਾ ਹੈ। ਇਨ੍ਹਾਂ ਵਿਗੜੇ ਹਾਲਾਤਾਂ 'ਤੇ ਚਿੰਤਾ ਜ਼ਾਹਿਰ ਕਰਦੇ ਹੋਏ ਦੋਵੇਂ ਪਾਤਰ ਇਨ੍ਹਾਂ ਹਾਲਾਤਾਂ ਨੂੰ ਪੈਦਾ ਕਰਨ ਵਾਲੀਆਂ ਧਿਰਾਂ ਪ੍ਰਤੀ ਵੀ ਸੁਚੇਤ ਨਜ਼ਰ ਆਉਂਦੇ ਹਨ। ਲਾਭ ਸਿੰਘ ਕਹਿੰਦਾ ਹੈ :

> **"ਵਾਹਿਗੁਰੂ ਖ਼ੈਰ ਕਰੇ, ਪੀਰ ਸਾਹਿਬ... ਜਨੂਨੀ ਲੋਕ ਪਾਣੀਆਂ ਨੂੰ ਲਾਠੀਆਂ ਨਾਲ ਵੱਖ ਕਰਨ ਡਹੇ ਨੇ... ਪਰ ਆਪਾਂ ਨਹੀਂ ਜੇ ਹੋਣਾ...।"**

ਲਾਭ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਪੀਰ ਸਾਹਿਬ ਕਹਿੰਦਾ ਹੈ :

> **"ਸਰਦਾਰ ਸਾਹਿਬ... ਸਿੱਖਾਂ ਮੁਸਲਮਾਨਾਂ ਦੀਆਂ ਸਾਂਝਾਂ ਕਿਸੇ ਤੋਂ ਲੁਕੀਆਂ ਹੋਈਆਂ ਨੇ... ਇਹ ਤਾਂ ਸਾਡੇ ਵੱਡੇ ਲੀਡਰ ਹੀ ਆਪੋ-**

ਆਪਣੇ ਮੁਫਾਦਾਂ ਲਈ ਭੱਠਾ ਬਿਠਾਉਣ 'ਤੇ ਤੁਲੇ ਹੋਏ ਨੇ... ਲੋਕ ਤਾਂ ਭੋਲੇ-ਭਾਲੇ ਨੇ... ਉਹ ਕੀ ਜਾਨਣ ਲੀਡਰਾਂ ਦੀਆਂ ਚਾਲਾਂ...।''[5]

ਜ਼ਾਹਿਰ ਹੈ, ਕਹਾਣੀ ਦੇ ਇਹ ਪਾਤਰ ਧਰਮ ਦੇ ਨਾਂ 'ਤੇ ਆਮ ਲੋਕਾਂ ਨੂੰ ਆਪਸ ਵਿਚ ਲੜਾਉਣ ਵਾਲੀਆਂ ਧਿਰਾਂ ਤੋਂ ਜਾਣੂ ਹੋਣ ਦੇ ਬਾਵਜੂਦ ਕੁਝ ਵੀ ਕਰਨ ਤੋਂ ਅਸਮਰਥ ਹਨ। ਇਸੇ ਕਹਾਣੀ ਦੇ ਪਾਤਰ ਬੂੜ ਸਿੰਘ, ਭਜਨ ਸਿੰਘ ਤੇ ਪਿਆਰਾ ਸਿੰਘ ਸਿੱਖ ਧਰਮ 'ਤੇ ਕਲੰਕ ਲਾਉਣ ਵਾਲੇ ਅਖੌਤੀ ਸਿੱਖਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਪਾਤਰ ਧਰਮ ਦੇ ਅਖੌਤੀ ਠੇਕੇਦਾਰ ਬਣਕੇ 'ਪੀਰ ਸਾਹਿਬ' ਦਾ ਕਤਲ ਕਰ ਦਿੰਦੇ ਹਨ ਤੇ ਸਾਰਾ ਪਿੰਡ ਨਿਹੱਥਾ ਸਭ ਕੁਝ ਵੇਖਦਾ ਰਹਿੰਦਾ ਹੈ। ਲਾਭ ਸਿੰਘ ਤੇ ਉਸ ਦੇ ਸਾਥੀ ਪੀਰ ਸਾਹਿਬ ਨੂੰ ਬਚਾਉਣ ਦੇ ਯਤਨ ਤਾਂ ਕਰਦੇ ਹਨ ਪਰੰਤੂ ਅਸਫ਼ਲ ਰਹਿੰਦੇ ਹਨ। ਇਉਂ ਇਨ੍ਹਾਂ ਦੇਸ-ਵੰਡ ਨਾਲ ਸੰਬੰਧਤ ਕਹਾਣੀਆਂ ਵਿਚ ਸਿੱਖ, ਹਿੰਦੂ ਤੇ ਮੁਸਲਮਾਨ ਪਾਤਰਾਂ ਨੂੰ ਵਿਭਿੰਨ ਕੋਣਾਂ ਤੋਂ ਚਿਤਰਿਆ ਗਿਆ ਹੈ ਜਿਸ ਕਾਰਨ ਉਨ੍ਹਾਂ ਦੇ ਸਮਾਜ-ਸਭਿਆਚਾਰਕ ਪਰਿਵੇਸ਼ ਦੀਆਂ ਵਿਭਿੰਨ ਪਰਤਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ।

'ਮੈਂ ਕਿਉਂ ਜੀ ਰਿਹਾਂ' ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਦੇ ਪਾਤਰਾਂ ਦਾ ਅਗਲਾ ਪਾਸਾਰ ਖੇਤ-ਮਜ਼ਦੂਰ ਅਤੇ ਕਿਸਾਨੀ ਸਮਾਜ-ਸਭਿਆਚਾਰ ਨਾਲ ਜੁੜਿਆ ਹੋਇਆ ਹੈ। 'ਛਲੇਡਾ', 'ਖ਼ਰੂਦੀ ਕਿਣਮਿਣ', 'ਗੜੇਮਾਰ' ਅਤੇ 'ਇਕ ਚੂੰਢੀ ਜਾਨ' ਕਹਾਣੀਆਂ ਦੇ ਕੇਂਦਰੀ ਪਾਤਰ ਪੰਜਾਬ ਦੇ ਪਿੰਡਾਂ ਵਿਚ ਵਸਦੇ ਪੇਂਡੂ ਖੇਤ-ਮਜ਼ਦੂਰ ਅਤੇ ਨਿਮਨ-ਕਿਸਾਨੀ ਵਰਗਾਂ ਦੀ ਪ੍ਰਤਿਨਿਧਤਾ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਏ ਵਿਰੋਧੀ-ਜੁੱਟ ਦੇ ਪਾਤਰ ਪੇਂਡੂ ਧਨੀ-ਕਿਸਾਨੀ ਅਤੇ ਆੜਤੀਆ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਜਿਹੜੇ ਆਮ ਲੋਕਾਂ ਦਾ ਆਰਥਿਕ ਤੇ ਸਮਾਜਿਕ ਸ਼ੋਸ਼ਣ ਕਰਕੇ ਆਪ ਦਿਨੋ-ਦਿਨ ਹੋਰ ਅਮੀਰ ਹੋਈ ਜਾਂਦੇ ਹਨ। ਅਸਲ ਵਿਚ 'ਪੰਜਾਬੀ ਸਮਾਜ ਦੀ ਅਰਥ ਵਿਵਸਥਾ ਕਿਉਂਕਿ ਖੇਤੀਬਾੜੀ ਉੱਪਰ ਨਿਰਭਰ ਕਰਦੀ ਹੈ, ਇਸ ਲਈ ਪੰਜਾਬੀ ਸਮਾਜ ਵਿਚ ਆਰਥਿਕ ਪਾੜਾ ਵੱਡੀ ਕਿਰਸਾਨੀ, ਮੱਧ ਕਿਰਸਾਨੀ, ਨਿਮਨ ਕਿਰਸਾਨੀ ਜਾਂ ਖੇਤ ਮਜ਼ਦੂਰਾਂ ਜਾਂ ਪ੍ਰੋਲੇਤਾਰੀ ਵਿਚਕਾਰ ਹੈ। ਇਹੋ ਕਾਰਨ ਹੈ ਕਿ ਪੰਜਾਬੀ ਕਹਾਣੀ ਵਿਚ ਵਧੇਰੇ ਸ਼੍ਰੇਣੀ ਪਾਤਰ ਛੋਟੇ ਕਿਰਸਾਨ ਪਰਿਵਾਰ ਜਾਂ ਕਿਰਤੀ ਵਰਗ ਵਿਚੋਂ ਹੀ ਹੁੰਦੇ ਹਨ।'[6] ਇਸੇ ਕਾਰਨ ਹਥਲੇ ਕਹਾਣੀ-ਸੰਗ੍ਰਹਿ ਦੇ ਬਹੁਤੇ ਪਾਤਰ ਇਨ੍ਹਾਂ ਵਰਗਾਂ ਵਿਚੋਂ ਹੀ ਲਏ ਗਏ ਹਨ। 'ਛਲੇਡਾ' ਕਹਾਣੀ ਦਾ ਮੁੱਖ ਪਾਤਰ 'ਪਿਆਰਾ ਸਿੰਘ' ਪੇਂਡੂ ਖੇਤ-ਮਜ਼ਦੂਰ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ। ਖੇਤੀ ਦੇ ਮਸ਼ੀਨੀਕਰਨ ਕਰਕੇ ਖੇਤਾਂ ਵਿਚ ਘਟੇ ਮਜ਼ਦੂਰੀ ਦੇ ਮੌਕਿਆਂ ਅਤੇ ਪੂੰਜੀਵਾਦੀ ਆਰਥਿਕ ਮਾਡਲ ਕਾਰਨ ਪੈਦਾ

ਹੋਈ ਬੇਹੱਦ ਮਹਿੰਗਾਈ ਦੇ ਪ੍ਰਤਿਫ਼ਲ ਵਜੋਂ ਪੇਂਡੂ ਖੇਤ-ਮਜ਼ਦੂਰਾਂ ਨੂੰ ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨਾ ਵੀ ਔਖਾ ਹੋ ਗਿਆ ਹੈ। ਇਸ ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਪਿਆਰਾ ਸਿੰਘ ਆਪਣੀ ਲੜਖੜਾਈ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਅਤੇ ਜਵਾਨ ਹੋਈਆਂ ਦੋ ਧੀਆਂ ਦਾ ਵਿਆਹ ਕਰਨ ਲਈ ਦੋ ਕਿਲੇ ਜ਼ਮੀਨ ਹਿੱਸੇ 'ਤੇ ਲੈ ਕੇ ਝੋਨਾ ਲਾਉਂਦਾ ਹੈ। ਸਾਰੇ ਪਰਿਵਾਰ ਦੀ ਮਿਹਨਤ ਸਦਕਾ ਝੋਨਾ ਚੰਗਾ ਹੁੰਦਾ ਹੈ ਤੇ ਪਰਿਵਾਰ ਨੂੰ ਆਪਣੀ ਗ਼ਰੀਬੀ ਦੇ ਧੋਤੇ ਜਾਣ ਦੀ ਆਸ ਬੱਝਦੀ ਹੈ ਪਰੰਤੂ ਆੜਤੀਏ ਦੀ ਬੇਰੁਖੀ ਤੇ ਬੇਈਮਾਨੀ ਕਰਕੇ ਕੁਝ ਫ਼ਸਲ ਦਾਣਾ-ਮੰਡੀ ਵਿਚ ਰੁਲ ਜਾਂਦੀ ਹੈ ਤੇ ਬਾਕੀ ਪੈਸੇ ਆੜਤੀਆ ਤੇ ਪੁਲਿਸ ਰਲ ਕੇ ਹੜੱਪ ਜਾਂਦੇ ਹਨ। ਪੈਸੇ ਨਾ ਹੋਣ ਸਦਕਾ ਪਿਆਰਾ ਸਿੰਘ ਆਪਣੀ ਧੀ ਦੇ ਵਿਆਹ ਲਈ ਲੋੜੀਂਦਾ ਸਮਾਨ ਨਹੀਂ ਲੈ ਸਕਦਾ ਜਿਸ ਕਾਰਨ ਧੀ ਦਾ ਰਿਸ਼ਤਾ ਟੁੱਟ ਜਾਂਦਾ ਹੈ ਤੇ ਨਮੋਸ਼ੀ ਵਿਚ ਆ ਕੇ ਪਿਆਰਾ ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕਰ ਲੈਂਦਾ ਹੈ। ਇਸੇ ਤਰ੍ਹਾਂ 'ਖ਼ਰੂਦੀ ਕਿਣਮਿਣ' ਕਹਾਣੀ ਦਾ ਪਾਤਰ ਜਗਦੇਵ ਸਿੰਘ ਨਿਮਨ-ਕਿਸਾਨੀ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ। ਜਗਦੇਵ ਸਿੰਘ ਵੀ ਆਪਣੀ ਫ਼ਸਲ ਵੇਚਣ ਮਗਰੋਂ ਜਦੋਂ ਆੜਤੀਏ ਤੋਂ ਹਿਸਾਬ ਕਰਵਾਉਂਦਾ ਹੈ ਤਾਂ ਆੜਤੀਆ ਆਪਣੀਆਂ ਗਿਣਤੀਆਂ-ਮਿਣਤੀਆਂ ਕਰਕੇ ਉਸ ਦੇ ਸਿਰ ਪੈਸੇ ਤੋੜ ਦਿੰਦਾ ਹੈ। ਇਸ ਗੱਲੋਂ ਨਮੋਸ਼ੀ ਵਿਚ ਆਇਆ ਜਗਦੇਵ ਸਿੰਘ ਫਾਹਾ ਲੈ ਕੇ ਆਤਮ ਹੱਤਿਆ ਕਰ ਲੈਂਦਾ ਹੈ। 'ਇਕ ਚੂੰਢੀ ਜਾਨ' ਕਹਾਣੀ ਦਾ ਪਾਤਰ ਬਲਵੰਤ ਸਿੰਘ ਵੀ ਨਿਮਨ ਕਿਸਾਨ ਹੈ ਤੇ ਇਸੇ ਹੋਣੀ ਦਾ ਸ਼ਿਕਾਰ ਬਣਦਾ ਹੈ। ਬਲਵੰਤ ਸਿੰਘ ਆਪਣੇ ਖੇਤ ਕਣਕ ਨੂੰ ਪਾਣੀ ਲਾਉਣ ਲਈ ਮੋਟਰ ਚਲਾਉਂਦਾ ਹੋਇਆ ਬਿਜਲੀ ਦਾ ਕਰੰਟ ਲੱਗਣ ਨਾਲ ਬੁਰੀ ਤਰ੍ਹਾਂ ਝੁਲਸ ਜਾਂਦਾ ਹੈ ਤੇ ਲੰਮਾ ਸਮਾਂ ਕਸ਼ਟ ਭੋਗਦਾ ਹੋਇਆ ਆਖ਼ਰ ਪ੍ਰਾਣ ਤਿਆਗ ਦਿੰਦਾ ਹੈ। ਉਸ ਦੇ ਜਵਾਨ ਪੁੱਤਰ ਕਰਨੈਲ ਤੇ ਅਵਤਾਰ ਪੜ੍ਹੇ-ਲਿਖੇ ਬੇਰੁਜ਼ਗਾਰ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਪੂੰਜੀਵਾਦੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਲੱਖਾਂ ਰੁਪਏ ਖਰਚ ਕੇ ਲਈਆਂ ਡਿਗਰੀਆਂ ਦੇ ਬਾਵਜੂਦ ਵੀ ਬੇਰੁਜ਼ਗਾਰ ਹੈ ਤੇ ਨੇੜੇ ਭਵਿੱਖ ਵਿਚ ਵੀ ਇਸ ਸਮੱਸਿਆ ਦਾ ਕੋਈ ਹੱਲ ਨਜ਼ਰ ਨਾ ਆਉਣ ਕਰਕੇ ਮਾਯੂਸ ਹੈ।

'ਗੜੇਮਾਰ' ਕਹਾਣੀ ਦਾ ਕੇਂਦਰੀ ਪਾਤਰ ਨੰਜਾ ਪੇਂਡੂ ਦਲਿਤ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਪੰਜ ਸਾਲਾਂ ਬਾਅਦ ਪੈਂਦੀਆਂ ਸਰਪੰਚੀ ਦੀਆਂ ਵੋਟਾਂ ਨੂੰ ਕਮਾਈ ਦੇ ਸੀਜ਼ਨ ਵਜੋਂ ਵੇਖਦਾ ਹੈ। ਨੰਜੇ ਦੀ ਧਾਰਨਾ ਹੈ ਕਿ ਪਿੰਡ ਵਿਚ ਹਰ ਵਾਰ ਸਰਪੰਚ ਬਣਦੇ ਸਰਮਾਏਦਾਰ ਗਰੀਬਾਂ ਦੀਆਂ ਮੁਫ਼ਤ ਪਾਈਆਂ ਵੋਟਾਂ ਦੇ ਬਾਵਜੂਦ ਉਨ੍ਹਾਂ ਦਾ ਕੁਝ ਨਹੀਂ ਸਵਾਰਦੇ, ਸਗੋਂ ਆਪਣੇ ਹੀ ਘਰ ਭਰਦੇ ਰਹਿੰਦੇ

ਹਨ। ਨੰਜੇ ਵੱਲੋਂ ਬੋਲੇ ਗਏ ਇਹ ਸ਼ਬਦ ਦਲਿਤ ਵਰਗ ਦੇ ਜੀਵਨ-ਯਥਾਰਥ ਅਤੇ ਇਸ ਵਰਗ ਵਿਚ ਆ ਰਹੀ ਰਾਜਸੀ-ਚੇਤਨਾ ਦੀ ਗਵਾਹੀ ਭਰਦੇ ਹਨ :

> "ਹੁਣ ਮੈਂ ਵੀ ਸੋਚਦਾਂ, ਆਪਾਂ ਕੀ ਲੈਣੇ ਜ਼ਿੰਦਾਬਾਦ-ਮੁਰਦਾਬਾਦ ਕਰਕੇ, ਬਥੇਰਾ ਮਰ-ਮਰ ਕੇ ਦੇਖ ਲਿਆ... ਹੁਣ ਨੀਂ.... ਐਤਕੀਂ ਦੋਵੇਂ ਹੱਥੀਂ ਲੱਡੂ ਹੋਵੇਗਾ... ਦੋਵਾਂ ਧਿਰਾਂ ਨੂੰ ਜੀ ਆਇਆਂ ਕਹਿਣੈ... ਪਰ ਰਹਿਣਾ ਚੁੱਪ ਐ... ਜੋ ਇਹ ਸਰਦਾਰ ਸਾਡੇ ਨਾਲ ਸਿਆਸਤਾਂ ਖੇਡਦੇ ਨੇ, ਅਸੀਂ ਵੀ ਇਨ੍ਹਾਂ ਨਾਲ ਉਹੋ ਕੁਝ ਹੀ ਕਰਾਂਗੇ... ਵੋਟ ਦਾ ਪੂਰਾ ਮੁੱਲ ਪੁਆਵਾਂਗੇ... ਸਾਡੇ ਵੱਲੋਂ ਜਿਹੜਾ ਮਰਜੀ ਕੁੱਤਾ ਬਿੱਲਾ ਬਣੇ ਪਿਆ... ਇਨ੍ਹਾਂ ਕਿਹੜਾ ਕਿਸੇ ਦਾ ਕੁਝ ਸੁਆਰਨੈ... ਸੁਆਰਨਾ ਤਾਂ ਇਨ੍ਹਾਂ ਆਪਣੇ ਲਾਣੇ ਦੈ...।"[7]

ਜ਼ਾਹਿਰ ਹੈ, ਇਹ ਪਾਤਰ ਆਪਣੀ ਹੋਣੀ ਘੜਨ ਵਾਲੀ ਧਿਰ ਤੋਂ ਜਾਣੂ ਤਾਂ ਹੋ ਗਿਆ ਹੈ ਤੇ ਉਸਨੂੰ ਆਪਣੇ ਢੰਗ ਨਾਲ ਜਵਾਬ ਦੇਣਾ ਲੋਚਦਾ ਹੈ ਪਰੰਤੂ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਭਾਰੀ ਬਾਰਿਸ਼ ਹੋਣ ਕਰਕੇ ਖ਼ਰਾਬ ਹੋਈਆਂ ਫ਼ਸਲਾਂ ਸਦਕਾ ਸਰਪੰਚੀ ਦੀਆਂ ਵੋਟਾਂ ਦੋ ਸਾਲ ਅੱਗੇ ਪਾ ਦਿੱਤੀਆਂ ਜਾਂਦੀਆਂ ਹਨ। ਅਜਿਹਾ ਸੁਣ ਕੇ ਨੰਜੇ ਨੂੰ ਇਉਂ ਜਾਪਦਾ ਹੈ ਕਿ ਜਿਵੇਂ ਉਸਦੇ ਸੁਪਨਿਆਂ 'ਤੇ ਗੜੇਮਾਰ ਹੋ ਗਈ ਹੋਵੇ। ਸਪਸ਼ਟ ਹੈ ਕਿ ਪੇਂਡੂ ਸਮਾਜਚਾਰੇ ਵਿਚ ਦਲਿਤ ਵਰਗ ਹਮੇਸ਼ਾ ਹਾਸ਼ੀਏ 'ਤੇ ਧੱਕਿਆ ਰਿਹਾ ਹੈ ਜੋ ਸਿਰਫ਼ ਵੋਟਾਂ ਆਉਣ ਸਮੇਂ ਹੀ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਰਾਹ ਤਲਾਸ਼ਦਾ ਹੈ। 'ਮਾਨ-ਅਪਮਾਨ' ਕਹਾਣੀ ਦਾ ਕੇਂਦਰੀ ਪਾਤਰ ਮਾਸਟਰ ਮਹਿੰਗਾ ਰਾਮ ਵੀ ਪੰਜਾਬ ਦੇ ਪੇਂਡੂ ਦਲਿਤ ਭਾਈਚਾਰੇ ਦੇ ਉਸ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜਾ ਆਪਣੀ ਸਖ਼ਤ ਮਿਹਨਤ ਤੇ ਸਿਰੜ ਸਦਕਾ ਸਰਕਾਰੀ ਨੌਕਰੀਆਂ ਪ੍ਰਾਪਤ ਕਰਦਾ ਹੈ ਤੇ ਮਾਨ-ਸਨਮਾਨ ਨਾਲ ਜਿਉਣ ਦੀ ਲੋਚਾ ਰੱਖਣ ਦੇ ਨਾਲ-ਨਾਲ ਆਪਣੇ ਕਿੱਤੇ ਪ੍ਰਤੀ ਵੀ ਵਫ਼ਾਦਾਰੀ ਨਿਭਾਉਂਦਾ ਹੈ। ਇਸ ਦੇ ਬਾਵਜੂਦ ਅਖੌਤੀ ਸਵਰਨ ਜਾਤੀ ਦੇ ਸਰਮਾਏਦਾਰ ਲਹਿਣਾ ਸਿੰਘ ਵਰਗੇ ਪਾਤਰ ਦਲਿਤ ਪਾਤਰਾਂ ਦੀ ਮਾਨ-ਸਨਮਾਨ ਵਾਲੀ ਹੈਸੀਅਤ ਨੂੰ ਪ੍ਰਵਾਨ ਨਹੀਂ ਕਰਦੇ। ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਮਹਿੰਗਾ ਰਾਮ ਪਿੰਡ ਦੇ ਸਰਕਾਰੀ ਸਕੂਲ ਵਿਚ ਮਿਹਨਤੀ ਅਧਿਆਪਕ ਹੈ। ਜਦੋਂ ਸ਼ਰਾਰਤ ਕਰਨ 'ਤੇ ਉਹ ਆਪਣੇ ਵਿਦਿਆਰਥੀ ਬੂੜ ਨੂੰ ਸਜਾ ਦਿੰਦਾ ਹੈ ਤਾਂ ਪਹਿਲਾਂ ਬੂੜ, ਮਹਿੰਗਾ ਰਾਮ ਦੇ ਅੱਗੋਂ ਹੱਥ ਚੁੱਕਦਾ ਹੈ ਤੇ ਫਿਰ ਉਸਦਾ ਪਿਉ ਲਹਿਣਾ ਸਿੰਘ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਸਾਹਮਣੇ ਮਹਿੰਗਾ ਰਾਮ ਨੂੰ ਅਪਮਾਨਿਤ ਕਰਦਾ ਹੈ। ਉਸਨੂੰ

ਇਸ ਗੱਲ ਦਾ ਇਤਰਾਜ਼ ਨਹੀਂ ਕਿ ਇਕ ਅਧਿਆਪਕ ਨੇ ਆਪਣੇ ਵਿਦਿਆਰਥੀ ਨੂੰ ਸਜ਼ਾ ਦਿੱਤੀ ਹੈ, ਸਗੋਂ ਉਸਨੂੰ ਇਹ ਇਤਰਾਜ਼ ਜ਼ਿਆਦਾ ਹੈ ਕਿ ਇਕ ਦਲਿਤ ਨੇ ਉਸਦੇ ਪੁੱਤਰ ਉੱਤੇ ਹੱਥ ਚੁੱਕਿਆ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਇਸ ਕਹਾਣੀ ਦੇ ਦਲਿਤ ਪਾਤਰ 'ਮਹਿੰਗਾ ਰਾਮ' ਵਰਗੇ ਦਲਿਤ ਸਖ਼ਤ ਮਿਹਨਤ ਕਰਕੇ ਸਿਰਫ਼ ਆਪਣੇ ਗੁਜ਼ਾਰੇ ਜੋਗੀ ਨੌਕਰੀ ਹੀ ਪ੍ਰਾਪਤ ਕਰਦੇ ਹਨ ਪਰੰਤੂ ਦੂਜੇ ਪਾਸੇ ਕਹਾਣੀ ਦੇ ਪਾਤਰ ਬੂੜ ਵਰਗੇ ਸਿਰੇ ਦੇ ਨਾਲਾਇਕ ਤੇ ਸ਼ਰਾਰਤੀ ਸਰਮਾਏਦਾਰਾਂ ਦੇ ਕਾਕੇ ਪੈਸੇ ਦੇ ਜ਼ੋਰ 'ਤੇ ਸਿੱਖਿਆ ਮੰਤਰੀ ਦੇ ਅਹੁਦੇ ਤੱਕ ਪਹੁੰਚ ਜਾਂਦੇ ਹਨ। 'ਚੱਕਰਵਿਊ' ਕਹਾਣੀ ਦੇ ਮੱਧ-ਵਰਗੀ ਪਾਤਰ ਡਾਕਟਰ ਕਰਨੈਲ ਸਿੰਘ ਤੇ ਉਸਦੀ ਪਤਨੀ ਜਸਪਾਲ ਕੌਰ ਅਜੋਕੇ ਪੂੰਜੀਵਾਦੀ ਰੁਚੀਆਂ ਵਿਚ ਗ੍ਰਸੇ ਨੌਜਵਾਨ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਆਪਣੀ ਫੋਕੀ ਹਉਮੈਂ ਕਰਕੇ ਹੀ ਖ਼ੂਬਸੂਰਤ ਪਰਿਵਾਰਕ ਜ਼ਿੰਦਗੀ ਨੂੰ ਨਰਕ ਬਣਾ ਕੇ ਇਕ-ਦੂਜੇ ਨੂੰ ਨੀਵਾਂ ਦਿਖਾਉਣ ਦੇ ਚੱਕਰਵਿਊ ਵਿਚ ਫਸੇ ਹੋਏ ਛਟਪਟਾ ਰਹੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਕਰਮਜੀਤ ਸਿੰਘ ਨਡਾਲਾ ਦੀਆਂ ਕਹਾਣੀਆਂ ਦੇ ਪਾਤਰ ਬਹੁ-ਪਰਤੀ ਅਤੇ ਬਹੁ-ਪਾਸਾਰੀ ਪੰਜਾਬੀ ਜੀਵਨ-ਯਥਾਰਥ ਨੂੰ ਵਿਭਿੰਨ ਕੋਣਾਂ ਤੋਂ ਨਾ ਕੇਵਲ ਪੇਸ਼ ਕਰਦੇ ਹਨ, ਸਗੋਂ ਇਸ ਨੂੰ ਬਦਲਣ ਦਾ ਯਤਨ ਵੀ ਕਰਦੇ ਹਨ। ਇਹ ਪਾਤਰ ਆਪਸੀ ਵਾਰਤਾਲਾਪ ਅਤੇ ਕਾਰਜ ਰਾਹੀਂ ਲਗਭਗ ਸੱਤ ਦਹਾਕਿਆਂ ਦੇ ਲੰਮੇ ਚਿਤਰਪਟ 'ਤੇ ਫੈਲੇ ਹੋਏ ਪੰਜਾਬੀ ਜੀਵਨ-ਯਥਾਰਕ ਦੀਆਂ ਗੁੰਝਲਾਂ ਨੂੰ ਪਰਤ ਦਰ ਪਰਤ ਖੋਲ੍ਹਦੇ ਹਨ। ਬੇਸ਼ੱਕ ਕੁਝ ਪਾਤਰਾਂ ਦੀ ਗਤੀਹੀਣਤਾ, ਵਰਗ-ਸੰਘਰਸ਼ ਵੱਲੋਂ ਬੇਰੁਖੀ ਅਤੇ ਮੁਸੀਬਤਾਂ/ਸੰਕਟਾਂ/ ਦੋਖੀਆਂ ਅੱਗੇ ਗੋਡੇ ਟੇਕ ਦੇਣ ਵਿਚ ਕਹਾਣੀਕਾਰ ਦੀ ਸੀਮਾ ਨਜ਼ਰ ਆਉਂਦੀ ਹੈ। ਇਸ ਦੇ ਬਾਵਜੂਦ ਵਿਭਿੰਨ ਵਰਗਾਂ, ਧਰਮਾਂ, ਸ਼੍ਰੇਣੀਆਂ ਵਿਚੋਂ ਕੀਤੀ ਪਾਤਰ ਚੋਣ ਅਤੇ ਏਨੀ ਸ਼ਿੱਦਤ ਤੇ ਕਲਾਤਮਿਕਤਾ ਨਾਲ ਕੀਤੀ ਪਾਤਰ ਉਸਾਰੀ ਉਸਦੀ ਕਲਾਤਮਿਕ ਸਮਰੱਥਾ ਦੀ ਹਾਮੀ ਭਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ-ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, ਦਿੱਲੀ, 1994, ਪੰਨਾ-29
2. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਸਮੀਖਿਆ : ਤੱਥ ਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2003, ਪੰਨਾ-12

3. ਰਜਨੀਸ਼ ਬਹਾਦਰ ਸਿੰਘ, 'ਕਹਾਣੀ ਦੀ ਪਾਠ-ਵਿਧੀ', ਰਜਨੀਸ਼ ਬਹਾਦਰ ਸਿੰਘ (ਸੰਪਾ.), ਪੰਜਾਬੀ ਕਹਾਣੀ ਦੇ ਪਾਠ : ਵਿਧੀ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ-10
4. ਪ੍ਰੋ. ਬਲਦੇਵ ਸਿੰਘ ਚਾਹਲੀਆ, ਮੈਂ ਕਿਉਂ ਜੀ ਰਿਹਾਂ (ਮਿਰ ਸਰਬੰਧਨ), ਡਾ. ਕਰਮਜੀਤ ਸਿੰਘ ਨਡਾਲਾ, ਮੈਂ ਕਿਉਂ ਜੀ ਰਿਹਾਂ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2014, ਪੰਨਾ-10
5. ਡਾ. ਕਰਮਜੀਤ ਸਿੰਘ ਨਡਾਲਾ, ਮੈਂ ਕਿਉਂ ਜੀ ਰਿਹਾਂ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2014, ਪੰਨੇ 75-76
6. ਡਾ. ਜੀਤ ਸਿੰਘ ਜੋਸ਼ੀ, ਪੰਜਾਬੀ ਕਹਾਣੀ ਬਦਲਦੇ ਪਰਿਪੇਖ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1997, ਪੰਨਾ-42
7. ਡਾ. ਕਰਮਜੀਤ ਸਿੰਘ ਨਡਾਲਾ, ਮੈਂ ਕਿਉਂ ਜੀ ਰਿਹਾਂ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2014, ਪੰਨਾ-108

ਪਿੰਡ ਤੇ ਡਾਕ : ਰਾਮਨਗਰ
ਸ੍ਰੀ ਮੁਕਤਸਰ ਸਾਹਿਬ
ਮੋ. 94638-35412

⌘